# ਥਾਣੇ ਜਾਣ ਸਮੇਂ ਤੁਹਾਡੇ ਅਧਿਕਾਰ




ਥਾਣੇ ਵਿੱਚ ਕੀ ਹੋ ਰਿਹਾ ਹੁੰਦਾ ਹੈ ਕਈ ਲੋਕਾਂ ਨੂੰ ਇਹ ਸਮਝਣਾ ਮੁਸ਼ਕਲ ਹੁੰਦਾ ਹੈ।





ਜੇ ਪੁਲਿਸ ਤੁਹਾਨੂੰ ਸਵਾਲ ਪੁੱਛਣਾ ਚਾਹੁੰਦੀ ਹੈ, ਤਾਂ ਉਨ੍ਹਾਂ ਨੂੰ ਇਹ ਦੱਸਣਾ ਚੰਗਾ ਹੁੰਦਾ ਹੈ ਜੇ ਤੁਹਾਨੂੰ ਸਹਾਇਤਾ ਦੀ ਲੋੜ ਹੋਵੇ ਅਤੇ ਜੇ ਤੁਸੀਂ ਨਾ ਸਮਝਦੇ ਹੋਵੋ।




ਪੁਲਿਸ ਨੂੰ ਪਤਾ ਹੋਵੇਗਾ ਕਿ ਗੱਲਬਾਤ ਵਿੱਚ ਸਹਾਇਤਾ ਵਾਲੇ ਲੋਕਾਂ ਨੂੰ ਸਵਾਲ ਪੜ੍ਹਨ ਅਤੇ ਉਨ੍ਹਾਂ ਦੇ ਉੱਤਰ ਦੇਣ ਲਈ ਥੋੜ੍ਹੇ ਵੱਧ ਸਮੇਂ ਦੀ ਲੋੜ ਹੁੰਦੀ ਹੈ।

## ਵਿਸ਼ਾ-ਸੂਚੀ


| | | |
|---|---|---|
|  | ਗ੍ਰਿਫ਼ਤਾਰ ਹੋਣਾ ਅਤੇ ਪੁਲਿਸ ਦੀ ਹਿਰਾਸਤ ਵਿੱਚ ਜਾਣਾ | ਪੰਨਾ 4 |
|   | ਪੁਲਿਸ ਦੇ ਸਵਾਲਾਂ ਦੇ ਜਵਾਬ ਦੇਣਾ | ਪੰਨਾ 5 - 6 |
|  | ਇੱਕ ਢੁਕਵੇਂ ਬਾਲਗ ਵਿਅਕਤੀ ਦੀ ਮੰਗ ਕਰਨਾ | ਪੰਨਾ 7 |
|  | ਵਕੀਲ ਨੂੰ ਦੱਸਣਾ ਕਿ ਤੁਸੀਂ ਥਾਣੇ ਵਿੱਚ ਹੋ | ਪੰਨਾ 8 |
|   | ਕਿਸੇ ਹੋਰ ਵਿਅਕਤੀ ਨੂੰ ਦੱਸਣਾ ਕਿ ਤੁਸੀਂ ਥਾਣੇ ਵਿੱਚ ਹੋ | ਪੰਨਾ 9 |

| | | |
|---|---|---|
|  | ਜੇਕਰ ਤੁਹਾਡੀ ਉਮਰ 16 ਸਾਲ ਤੋਂ ਘੱਟ ਹੈ ਜਾਂ ਜੇ ਲਾਜ਼ਮੀ ਨਿਗਰਾਨੀ ਦੇ ਹੁਕਮ ਅਧੀਨ ਤੁਹਾਡੀ ਉਮਰ 16 ਜਾਂ 17 ਸਾਲ ਹੈ: | ਪੰਨਾ 10 -11 |
|  | ਜੇਕਰ ਤੁਹਾਡੇ 'ਤੇ ਦੋਸ਼ ਲਗਾਇਆ ਜਾਂਦਾ ਹੈ ਜਾਂ ਵਾਰੰਟ 'ਤੇ ਪੁਲਿਸ ਸਟੇਸ਼ਨ ਲਿਆਂਦਾ ਜਾਂਦਾ ਹੈ ਤਾਂ ਕੀ ਹੁੰਦਾ ਹੈ? | ਪੰਨਾ 12 - 13 |
|  | ਤੁਹਾਨੂੰ ਥਾਣੇ ਵਿੱਚ ਕਿੰਨੇ ਸਮੇਂ ਲਈ ਰੱਖਿਆ ਜਾ ਸਕਦਾ ਹੈ? | ਪੰਨਾ 14 |
|  | ਕਿਸੇ ਡਾਕਟਰ ਜਾਂ ਨਰਸ ਨੂੰ ਮਿਲਣਾ | ਪੰਨਾ 15 |
|  | ਸ਼ਿਕਾਇਤ ਕਰਨਾ | ਪੰਨਾ 16 |



## ਗ੍ਰਿਫ਼ਤਾਰ ਹੋਣਾ ਅਤੇ ਪੁਲਿਸ ਦੀ ਹਿਰਾਸਤ ਵਿੱਚ ਜਾਣਾ

ਪੁਲਿਸ ਤੁਹਾਨੂੰ ਦੱਸੇਗੀ ਕਿ ਤੁਹਾਨੂੰ ਗ੍ਰਿਫ਼ਤਾਰ ਕਿਉਂ ਕੀਤਾ ਗਿਆ ਹੈ।




ਪੁਲਿਸ ਤੁਹਾਨੂੰ ਪੁੱਛੇਗੀ ਕਿ ਕੀ ਤੁਸੀਂ ਸਮਝਦੇ ਹੋ।

ਜੇ ਤੁਸੀਂ ਕਿਸੇ ਸਮੇਂ ਨਾ ਸਮਝਦੇ ਹੋਵੋ ਤਾਂ ਤੁਹਾਨੂੰ “ਨਹੀਂ” ਕਹਿਣਾ ਚਾਹੀਦਾ ਹੈ।

ਕੇਵਲ ਤਦ ਹੀ “ਹਾਂ” ਕਹੋ ਜੇ ਤੁਸੀਂ ਸਮਝਦੇ ਹੋਵੋ।

## ਪੁਲਿਸ ਦੇ ਸਵਾਲਾਂ ਦੇ ਜਵਾਬ ਦੇਣਾ



ਤੁਹਾਡੇ ਕੋਲ ਚੁੱਪ ਰਹਿਣ ਦਾ ਅਧਿਕਾਰ ਹੁੰਦਾ ਹੈ।




ਤੁਹਾਨੂੰ ਉਸ ਕਿਸੇ ਵੀ ਸਵਾਲ ਦਾ ਜਵਾਬ ਦੇਣ ਦੀ ਲੋੜ **ਨਹੀਂ** ਹੁੰਦੀ ਜੋ ਪੁਲਿਸ ਤੁਹਾਨੂੰ ਪੁੱਛਦੀ ਹੈ। **ਪਰ** ਤੁਹਾਨੂੰ ਉਨ੍ਹਾਂ ਨੂੰ ਦੱਸਣਾ ਹੁੰਦਾ ਹੈ-

**ਆਪਣਾ ਨਾਮ**




**ਤੁਸੀਂ ਕਿੱਥੇ ਰਹਿੰਦੇ ਹੋ**




**ਤੁਹਾਡਾ ਜਨਮਦਿਨ ਕਦੋਂ ਹੁੰਦਾ ਹੈ**



**ਤੁਹਾਡਾ ਜਨਮ ਕਿੱਥੇ ਹੋਇਆ ਸੀ ਅਤੇ ਤੁਹਾਡੀ ਕੌਮੀਅਤ ਕੀ ਹੈ**

**ਜੇ ਤੁਹਾਨੂੰ ਇਨ੍ਹਾਂ ਵਿੱਚੋਂ ਕੁੱਝ ਕੁ ਵੇਰਵਿਆਂ ਬਾਰੇ ਨਾ ਪਤਾ ਹੋਵੇ ਤਾਂ ਤੁਹਾਨੂੰ ਇਸ ਬਾਰੇ ਪੁਲਿਸ ਨੂੰ ਦੱਸਣਾ ਲਾਜ਼ਮੀ ਹੁੰਦਾ ਹੈ।**

**ਤੁਸੀਂ ਪੁਲਿਸ ਕੋਲ ਮੁਸ਼ਕਲ ਵਿੱਚ ਨਹੀਂ ਹੋਵੋਗੇ ਜੇ ਤੁਸੀਂ ਕਿਸੇ ਹੋਰ ਸਵਾਲਾਂ ਦੇ ਜਵਾਬ ਨਹੀਂ ਦਿੰਦੇ ਹੋ।**




ਪੁਲਿਸ ਤੁਹਾਨੂੰ ਦੱਸੇਗੀ ਕਿ ਉਹ ਸਭ ਕੁੱਝ ਲਿਖਣਗੇ ਜੋ ਤੁਸੀਂ ਕਹਿੰਦੇ ਹੋ।

ਜੇ ਤੁਸੀਂ ਸਵਾਲਾਂ ਦੇ ਜਵਾਬ ਦੇਣ ਦੀ ਚੋਣ ਕਰਦੇ ਹੋ, ਤੁਸੀਂ ਜੋ ਵੀ ਕਹਿੰਦੇ ਹੋ ਉਸ ਨੂੰ ਸਬੂਤ ਵਜੋਂ ਵਰਤਿਆ ਜਾ ਸਕਦਾ ਹੈ ਜੇ ਤੁਸੀਂ ਅਦਾਲਤ ਵਿੱਚ ਜਾਂਦੇ ਹੋ।

## ਇੱਕ ਢੁਕਵੇਂ ਬਾਲਗ ਵਿਅਕਤੀ ਦੀ ਮੰਗ ਕਰਨਾ




ਜੇ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਪੁਲਿਸ ਨੂੰ **"ਇੱਕ ਢੁਕਵੇਂ ਬਾਲਗ ਵਿਅਕਤੀ ਨੂੰ ਕਾਲ ਕਰਨ ਲਈ"** ਕਹੋ।

ਢੁਕਵਾਂ ਬਾਲਗ ਵਿਅਕਤੀ ਉਹ ਹੁੰਦਾ ਹੈ ਜੋ ਤੁਹਾਡੀ ਉਹ ਸਮਝਣ ਵਿੱਚ ਮਦਦ ਕਰ ਸਕਦਾ ਹੈ ਜੋ ਪੁਲਿਸ ਕਹਿ ਰਹੀ ਹੁੰਦੀ ਹੈ। ਇਹ ਮੁਫ਼ਤ ਹੁੰਦਾ ਹੈ।




ਢੁਕਵਾਂ ਬਾਲਗ ਵਿਅਕਤੀ ਤੁਹਾਡੇ ਅਧਿਕਾਰਾਂ ਅਤੇ ਜੋ ਕੁੱਝ ਹੋ ਰਿਹਾ ਹੁੰਦਾ ਹੈ ਉਸ ਨੂੰ ਸਮਝਣ ਵਿੱਚ ਮਦਦ ਕਰੇਗਾ।

ਜੇ ਤੁਹਾਨੂੰ ਪੁਲਿਸ ਰਾਹੀਂ ਪੁੱਛੇ ਜਾਣ ਵਾਲੇ ਸਵਾਲ ਸਮਝ ਨਾ ਆਉਂਦੇ ਹੋਣ ਤਾਂ ਉਹ ਸਵਾਲਾਂ ਦੀ ਵਿਆਖਿਆ ਕਰਨਗੇ।

ਪੁਲਿਸ ਕੀ ਕਹਿ ਰਹੀ ਹੈ ਇਸ ਤੋਂ ਇਲਾਵਾ ਉਹ ਇਸ ਦੀ ਵੀ ਵਿਆਖਿਆ ਕਰਨਗੇ ਕਿ ਪੁਲਿਸ ਕੀ ਕਰ ਰਹੀ ਹੈ।

ਢੁਕਵਾਂ ਬਾਲਗ ਵਿਅਕਤੀ ਤੁਹਾਨੂੰ ਸੁਝਾਅ ਨਹੀਂ ਦੇ ਸਕਦਾ।




ਪੁਲਿਸ ਢੁਕਵੇਂ ਵਿਅਕਤੀ ਨੂੰ ਕਾਲ ਕਰੇਗੀ ਜੇ ਉਹ ਸਮਝਦੇ ਹੋਣ ਕਿ ਤੁਹਾਨੂੰ ਲੋੜ ਹੈ ਜੇ ਤੁਸੀਂ ਇਸ ਦੀ ਮੰਗ ਨਾ ਵੀ ਕਰਦੇ ਹੋਵੋ।

**ਜੇ ਤੁਹਾਨੂੰ ਸਮਝ ਨਾ ਆਉਂਦੀ ਹੋਵੇ ਤਾਂ ਇਸ ਬਾਰੇ ਦੱਸਣਾ ਮਹੱਤਵਪੂਰਣ ਹੁੰਦਾ ਹੈ।**

## ਵਕੀਲ ਨੂੰ ਦੱਸਣਾ ਕਿ ਤੁਸੀਂ ਥਾਣੇ ਵਿੱਚ ਹੋ



ਤੁਹਾਨੂੰ ਸਵਾਲ ਪੁੱਛੇ ਜਾਣ ਤੋਂ ਪਹਿਲਾਂ ਵੀ ਤੁਹਾਡੇ ਕੋਲ ਕਿਸੇ ਵੀ ਸਮੇਂ ਗੁਪਤ ਰੂਪ ਵਿੱਚ ਕਿਸੇ **ਵਕੀਲ** ਨਾਲ ਗੱਲ ਕਰਨ ਦਾ ਅਧਿਕਾਰ ਹੈ। ਇਹ ਮੁਫ਼ਤ ਹੁੰਦਾ ਹੈ।

**ਵਕੀਲ ਉਹ ਵਿਅਕਤੀ ਹੁੰਦਾ ਹੈ ਜੋ ਤੁਹਾਡੇ ਅਧਿਕਾਰਾਂ ਦੀ ਰਾਖੀ ਕਰਦਾ ਹੈ ਅਤੇ ਤੁਹਾਡੇ ਬਚਾਅ ਵਿੱਚ ਮਦਦ ਕਰ ਸਕਦਾ ਹੈ।**

ਜਦੋਂ ਤੁਸੀਂ ਆਪਣੇ ਵਕੀਲ ਨਾਲ ਗੱਲ ਕਰਦੇ ਹੋ ਤਾਂ ਢੁਕਵਾਂ ਬਾਲਗ ਵਿਅਕਤੀ ਤੁਹਾਡੇ ਨਾਲ ਨਹੀਂ ਹੋ ਸਕਦਾ ਹੈ।

ਜੇ ਤੁਸੀਂ ਵਕੀਲ ਨਾਲ ਗੱਲ ਕਰਨੀ ਚਾਹੁੰਦੇ ਹੋਵੋ, ਤਾਂ ਜਦੋਂ ਤੁਹਾਨੂੰ ਪੁਲਿਸ ਪੁੱਛਦੀ ਹੈ ਤਾਂ ਤੁਹਾਨੂੰ “ਹਾਂ” ਕਹਿਣੀ ਚਾਹੀਦੀ ਹੈ।



ਜੇ ਤੁਹਾਡੇ ਕੋਲ ਕੋਈ ਵਕੀਲ ਹੁੰਦਾ ਹੈ ਤਾਂ ਤੁਹਾਨੂੰ ਉਨ੍ਹਾਂ ਨੂੰ ਆਪਣਾ ਨਾਮ ਦੱਸਣਾ ਚਾਹੀਦਾ ਹੈ। ਪੁਲਿਸ ਉਨ੍ਹਾਂ ਨੂੰ ਬੁਲਾਉਣ ਦੀ ਕੋਸ਼ਿਸ਼ ਕਰੇਗੀ। ਇਹ ਮੁਫ਼ਤ ਹੁੰਦਾ ਹੈ।

ਜੇ ਤੁਹਾਡੇ ਕੋਲ ਵਕੀਲ ਨਹੀਂ ਹੁੰਦਾ ਤਾਂ ਤੁਹਾਨੂੰ ਪੁਲਿਸ ਨੂੰ ਦੱਸਣ ਦੀ ਲੋੜ ਹੁੰਦੀ ਹੈ ਅਤੇ ਉਹ ਕਿਸੇ ਵਕੀਲ ਨੂੰ ਤੁਹਾਡੇ ਲਈ ਫ਼ੋਨ ਕਰਨਗੇ।



ਜਿੰਨੀ ਛੇਤੀ ਸੰਭਵ ਹੋਵੇ ਪੁਲਿਸ ਤੁਹਾਡੇ ਵਕੀਲ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰੇਗੀ। ਇਹ ਮੁਫ਼ਤ ਹੁੰਦਾ ਹੈ।

ਜੇ ਪੁਲਿਸ ਤੁਹਾਡੀ ਇੰਟਰਵਿਊ ਲੈਂਦੀ ਹੈ ਤਾਂ ਵਕੀਲ ਤੁਹਾਡੇ ਨਾਲ ਕਮਰੇ ਵਿੱਚ ਹੋ ਸਕਦਾ ਹੈ। ਇਹ ਮੁਫ਼ਤ ਹੁੰਦਾ ਹੈ।

ਤੁਸੀਂ ਆਪਣੇ ਵਕੀਲ ਨਾਲ ਟੈਲੀਫ਼ੋਨ ਰਾਹੀਂ ਗੱਲ ਕਰ ਸਕਦੇ ਹੋ ਜਾਂ ਵਕੀਲ ਤੁਹਾਨੂੰ ਮਿਲਣ ਲਈ ਥਾਣੇ ਵਿੱਚ ਆ ਸਕਦਾ ਹੈ। ਇਹ ਉਨ੍ਹਾਂ ‘ਤੇ ਨਿਰਭਰ ਕਰਦਾ ਹੈ।

ਤੁਹਾਨੂੰ ਦੂਜੀ ਵਾਰ ਪੁੱਛਿਆ ਜਾਵੇਗਾ ਕਿ ਕੀ ਤੁਸੀਂ ਕਿਸੇ ਵਕੀਲ ਨੂੰ ਇੰਟਰਵਿਊ ਲਈ ਹਾਜ਼ਰ ਕਰਨਾ ਚਾਹੁੰਦੇ ਹੋ ਭਾਵੇਂ ਤੁਸੀਂ ਉਨ੍ਹਾਂ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਹੋਵੇ।

## ਕਿਸੇ ਹੋਰ ਵਿਅਕਤੀ ਨੂੰ ਦੱਸਣਾ ਕਿ ਤੁਸੀਂ ਥਾਣੇ ਵਿੱਚ ਹੋ




ਤੁਹਾਡੇ ਕੋਲ ਕਿਸੇ ਹੋਰ ਵਿਅਕਤੀ ਨੂੰ ਦੱਸਣ ਦਾ ਅਧਿਕਾਰ ਹੈ ਕਿ ਤੁਸੀਂ ਥਾਣੇ ਵਿੱਚ ਹੋ।

ਪੁਲਿਸ ਤੁਹਾਨੂੰ ਪੁੱਛੇਗੀ ਕਿ ਤੁਸੀਂ ਕਿਨ੍ਹਾਂ ਵਿਅਕਤੀਆਂ ਨੂੰ ਕਾਲ ਕਰਨਾ ਪਸੰਦ ਕਰੋਗੇ।




ਇਹ ਤੁਹਾਡੇ ਪਰਿਵਾਰ ਵਿੱਚੋਂ ਕੋਈ ਵਿਅਕਤੀ, ਤੁਹਾਡਾ ਸਾਥੀ, ਤੁਹਾਡੀ ਦੇਖਭਾਲ ਕਰਨ ਵਾਲਾ, ਤੁਹਾਡਾ ਦੋਸਤ ਜਾਂ ਕੋਈ ਹੋਰ ਵਿਅਕਤੀ ਹੋ ਸਕਦਾ ਹੈ ਜਿਸ ਨੂੰ ਤੁਸੀਂ ਜਾਣਦੇ ਹੋਵੋ।

ਤੁਹਾਨੂੰ ਇਸ ਵਿਅਕਤੀ ਨਾਲ ਗੱਲਬਾਤ ਕਰਨ ਦੀ ਇਜਾਜ਼ਤ ਨਹੀਂ ਵੀ ਦਿੱਤੀ ਜਾ ਸਕਦੀ।

**ਜੇਕਰ ਤੁਹਾਡੀ ਉਮਰ 16 ਸਾਲ ਤੋਂ ਘੱਟ ਹੈ ਜਾਂ ਜੇ ਲਾਜ਼ਮੀ ਨਿਗਰਾਨੀ ਦੇ ਹੁਕਮ ਅਧੀਨ ਤੁਹਾਡੀ ਉਮਰ 16 ਜਾਂ 17 ਸਾਲ ਹੈ:**



ਪੁਲਿਸ ਨੂੰ ਤੁਹਾਡੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਦੱਸਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਤੁਸੀਂ ਥਾਣੇ ਵਿੱਚ ਹੋ।






ਤੁਹਾਡੇ ਕੋਲ ਆਪਣੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਥਾਣੇ ਨਾਲ ਲੈ ਕੇ ਜਾਣ ਦਾ ਅਧਿਕਾਰ ਹੈ।



ਸਿਰਫ਼ 18 ਸਾਲ ਤੋਂ ਘੱਟ ਉਮਰ ਵਾਲੇ ਹੀ ਮੁਲਾਕਾਤਾਂ ਪ੍ਰਾਪਤ ਕਰ ਸਕਦੇ ਹਨ।

**ਜਦੋਂ ਅਸਧਾਰਨ ਹਾਲਤਾਂ ਨਾ ਹੋਣ** ਜਦੋਂ ਪੁਲਿਸ ਤੁਹਾਡੇ ਨਾਲ ਮੁਲਾਕਾਤ ਕਰਦੀ ਹੈ ਤਾਂ ਤੁਹਾਡੇ ਨਾਲ ਵਕੀਲ ਹੋਣਾ ਲਾਜ਼ਮੀ ਹੁੰਦਾ ਹੈ।



ਮਿਸਾਲ ਵਜੋਂ, ਜੇ ਪੁਲਿਸ ਸਮਝਦੀ ਹੋਵੇ ਕਿ ਕਿਸੇ ਵਿਅਕਤੀ ਨੂੰ ਠੇਸ ਪੁੱਜਣ ਤੋਂ ਬਚਾਉਣ ਲਈ ਤੁਹਾਡੇ ਕੋਲ ਮਹੱਤਵਪੂਰਣ ਜਾਣਕਾਰੀ ਹੈ ਤਾਂ ਤੁਹਾਡੇ ਵਕੀਲ ਦੇ ਪਹੁੰਚਣ ਤੋਂ ਪਹਿਲਾਂ ਉਨ੍ਹਾਂ ਨੂੰ ਤੁਹਾਨੂੰ ਕੁੱਝ ਸਵਾਲ ਪੁੱਛਣ ਦੀ ਲੋੜ ਪੈ ਸਕਦੀ ਹੈ।

ਜੇਕਰ ਤੁਸੀਂ 16 ਜਾਂ 17 ਸਾਲ ਦੇ ਹੋ ਅਤੇ ਇੱਕ ਨਿਗਰਾਨੀ ਆਦੇਸ਼ ਜਾਂ ਅੰਤਰਿਮ ਲਾਜ਼ਮੀ ਆਦੇਸ਼ ਦੇ ਅਧੀਨ ਹੋ, ਤਾਂ ਤੁਸੀਂ ਵਕੀਲ ਰੱਖਣ ਤੋਂ ਇਨਕਾਰ ਨਹੀਂ ਕਰ ਸਕਦੇ ਹੋ



ਖਾਸ ਹਾਲਤਾਂ ਅੰਦਰ ਤੁਹਾਡੇ ਕੋਲ ਚੁੱਪ ਰਹਿਣ ਦਾ ਅਧਿਕਾਰ ਵੀ ਹੁੰਦਾ ਹੈ।

## ਜੇਕਰ ਤੁਹਾਡੇ 'ਤੇ ਦੋਸ਼ ਲਗਾਇਆ ਜਾਂਦਾ ਹੈ ਜਾਂ ਵਾਰੰਟ 'ਤੇ ਪੁਲਿਸ ਸਟੇਸ਼ਨ ਲਿਆਂਦਾ ਜਾਂਦਾ ਹੈ ਤਾਂ ਕੀ ਹੁੰਦਾ ਹੈ?



ਜੇਕਰ ਤੁਹਾਡੇ 'ਤੇ ਕੋਈ **ਦੋਸ਼ ਲਗਾਇਆ ਜਾਂਦਾ ਹੈ**, ਤਾਂ ਤੁਹਾਨੂੰ ਜਾਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ ਜਾਂ ਤੁਹਾਨੂੰ ਪੁਲਿਸ ਸੈਲ ਵਿੱਚ ਰਹਿਣਾ ਪੈ ਸਕਦਾ ਹੈ ਅਤੇ ਅਗਲੇ ਸੰਭਾਵੀ ਦਿਨ 'ਤੇ ਅਦਾਲਤ ਵਿੱਚ ਜਾਣਾ ਪੈ ਸਕਦਾ ਹੈ।



ਜੇਕਰ ਤੁਹਾਡੇ 'ਤੇ ਦੋਸ਼ ਲਗਾਇਆ ਜਾਂਦਾ ਹੈ ਤਾਂ ਪੁਲਿਸ ਇਹ ਲੈਣਾ ਚਾਹੇਗੀ:

- **ਤੁਹਾਡੀਆਂ ਉਂਗਲੀਆਂ ਦੇ ਨਿਸ਼ਾਨ**



- **ਡੀਐਨਏ ਦਾ ਨਮੂਨਾ** (ਉਹ ਰੂੰਦੀ ਸਲਾਈ ਨਾਲ ਤੁਹਾਡੇ ਮੂੰਹ ਦੇ ਅੰਦਰ ਹਲਕਾ ਜਿਹਾ ਫੰਬਾ ਲਾ ਕੇ ਲੈਣਗੇ)




- **ਤੁਹਾਡੀ ਤਸਵੀਰ**



ਜੇ ਤੁਹਾਨੂੰ **ਵਾਰੰਟ** ਤੇ ਥਾਣੇ ਵਿੱਚ ਲਿਆਂਦਾ ਗਿਆ ਹੈ, ਤਾਂ ਤੁਹਾਨੂੰ ਪੁਲਿਸ ਸੈਲ ਵਿੱਚ ਰਹਿਣਾ ਪੈ ਸਕਦਾ ਹੈ ਅਤੇ ਅਤੇ ਅਗਲੇ ਸੰਭਾਵੀ ਦਿਨ ‘ਤੇ ਅਦਾਲਤ ਵਿੱਚ ਜਾਣਾ ਪੈ ਸਕਦਾ ਹੈ।

**ਤੁਹਾਨੂੰ ਥਾਣੇ ਵਿੱਚ ਕਿੰਨੇ ਸਮੇਂ ਲਈ ਰੱਖਿਆ ਜਾ ਸਕਦਾ ਹੈ?**




**ਪੁਲਿਸ ਤੁਹਾਡੇ ਉੱਪਰ ਜੁਰਮ ਦਾ ਕੋਈ ਵੀ ਦੋਸ਼ ਲਗਾਉਣ ਤੋਂ ਬਿਨਾਂ ਤੁਹਾਨੂੰ 12 ਘੰਟੇ** ਲਈ ਰੱਖ ਸਕਦੀ ਹੈ।





ਜੇ ਤੁਹਾਨੂੰ 4 ਘੰਟੇ ਤੋਂ ਵੱਧ ਸਮੇਂ ਲਈ ਰੱਖਿਆ ਜਾਂਦਾ ਹੈ ਤਾਂ ਭੋਜਨ ਖਾਣ ਦੇ ਸਮੇਂ ਪੁਲਿਸ ਤੁਹਾਨੂੰ ਭੋਜਨ ਦੀ ਪੇਸ਼ਕਸ਼ ਕਰੇਗੀ।

ਜੇ ਉੱਥੇ ਕੋਈ ਅਜਿਹਾ ਭੋਜਨ ਹੋਵੇ ਜੋ ਤੁਸੀਂ ਨਾ ਖਾ ਸਕਦੇ ਹੋਵੋ, ਤਾਂ ਜਿੰਨੀ ਜਲਦੀ ਸੰਭਵ ਹੋਵੇ ਪੁਲਿਸ ਨੂੰ ਦੱਸੋ।

ਜੇ ਤੁਹਾਨੂੰ ਪਿਆਸ ਲੱਗਦੀ ਹੈ ਤਾਂ ਪੁਲਿਸ ਨੂੰ ਤੁਹਾਨੂੰ ਪਾਣੀ ਦੇਣ ਲਈ ਕਹੋ।




ਪੁਲਿਸ ਤੁਹਾਨੂੰ **24 ਘੰਟਿਆਂ ਤੱਕ ਰੱਖ ਸਕਦੀ ਹੈ ਪਰ ਕੇਵਲ ਤਾਂ ਜੇ ਕੋਈ ਪੁਲਿਸ ਇੰਸਪੈਕਟਰ ਇਸ ਲਈ ਸਹਿਮਤ ਹੁੰਦਾ ਹੈ** (ਜਾਂ ਚੀਫ਼ ਇੰਸਪੈਕਟਰ ਜੇ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ)।



ਤੁਹਾਨੂੰ ਇਸ ਫੈਸਲੇ ਬਾਰੇ ਆਪਣੀ ਗੱਲ ਰੱਖਣ ਦਾ ਅਧਿਕਾਰ ਹੈ, ਜਾਂ ਤੁਸੀਂ ਆਪਣੇ ਵਕੀਲ ਨੂੰ ਤੁਹਾਡੇ ਲਈ ਪੁਲਿਸ ਨਾਲ ਗੱਲ ਕਰਨ ਦੀ ਚੋਣ ਕਰ ਸਕਦੇ ਹੋ।



## ਕਿਸੇ ਡਾਕਟਰ ਜਾਂ ਨਰਸ ਨੂੰ ਮਿਲਣਾ

ਜੇ ਤੁਸੀਂ ਬਿਮਾਰ ਜਾਂ ਜ਼ਖ਼ਮੀ ਹੁੰਦੇ ਹੋ ਤਾਂ ਤੁਹਾਡੇ ਕੋਲ ਕਿਸੇ **ਡਾਕਟਰ** ਜਾਂ **ਨਰਸ** ਨੂੰ ਮਿਲਣ ਦਾ ਅਧਿਕਾਰ ਹੁੰਦਾ ਹੈ।

ਜੇ ਤੁਸੀਂ ਸਮਝਦੇ ਹੋਵੋ ਕਿ ਤੁਹਾਨੂੰ ਕਿਸੇ ਡਾਕਟਰ ਜਾਂ ਨਰਸ ਨੂੰ ਮਿਲਣ ਦੀ ਲੋੜ ਹੈ ਤਾਂ ਪੁਲਿਸ ਨੂੰ ਦੱਸੋ।

ਜੇ ਤੁਹਾਡੀ ਕੋਈ ਡਾਕਟਰੀ ਸਮੱਸਿਆ ਹੈ ਜਾਂ ਤੁਸੀਂ ਕੋਈ ਦਵਾਈ ਲੈ ਰਹੇ ਹੋ ਤਾਂ ਇਹ ਮਹੱਤਵਪੂਰਣ ਹੁੰਦਾ ਹੈ ਕਿ ਤੁਸੀਂ ਪੁਲਿਸ ਨੂੰ ਦੱਸੋ।





ਪੁਲਿਸ ਨੂੰ ਦੱਸਣਾ ਤਾਂ ਵੀ ਮਹੱਤਵਪੂਰਣ ਹੁੰਦਾ ਹੈ ਜੇ ਤੁਹਾਨੂੰ ਕਿਸੇ ਨਸ਼ੇ ਜਾਂ ਸ਼ਰਾਬ ਦੀ ਆਦਤ ਹੋਵੇ ਜਾਂ ਜੇ ਤੁਸੀਂ ਆਪਣੇ ਆਪ ਨੂੰ ਨੁਕਸਾਨ ਪੁਜਾਉਣ ਬਾਰੇ ਸੋਚ ਰਹੇ ਹੋਵੋ।





**ਜਦੋਂ ਤੁਸੀਂ ਪੁਲਿਸ ਦੀ ਹਿਰਾਸਤ ਵਿੱਚ ਹੁੰਦੇ ਹੋ ਤਾਂ ਇਹ ਪੁਲਿਸ ਦੀ ਤੁਹਾਡੀ ਦੇਖਭਾਲ ਕਰਨ ਵਿੱਚ ਮਦਦ ਕਰੇਗਾ।**



## ਸ਼ਿਕਾਇਤ ਕਰਨਾ

ਪੁਲਿਸ ਦੁਆਰਾ ਤੁਹਾਡੇ ਨਾਲ ਜਿਸ ਤਰ੍ਹਾਂ ਦਾ **ਵਿਵਹਾਰ** ਕੀਤਾ ਜਾਂਦਾ ਹੈ, ਉਸ ਬਾਰੇ ਤੁਹਾਨੂੰ ਸ਼ਿਕਾਇਤ ਕਰਨ ਦਾ ਅਧਿਕਾਰ ਹੈ।

ਜੇ ਤੁਸੀਂ ਸਕਾਟਲੈਂਡ ਦੀ ਪੁਲਿਸ ਬਾਰੇ ਸ਼ਿਕਾਇਤ ਕਰਦੇ ਹੋ ਤਾਂ ਇਹ ਤੁਹਾਡੇ ਕੇਸ ਨੂੰ ਖਰਾਬ ਨਹੀਂ ਕਰੇਗਾ।

ਜਦੋਂ ਤੁਸੀਂ ਹਿਰਾਸਤ ਵਿੱਚ ਹੁੰਦੇ ਹੋ ਤਾਂ ਤੁਸੀਂ ਸ਼ਿਕਾਇਤ ਕਰ ਸਕਦੇ ਹੋ।

ਜੇ ਤੁਸੀਂ ਹਿਰਾਸਤ ਵਿੱਚ ਹੋਣ 'ਤੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਕਿਸੇ ਇੰਸਪੈਕਟਰ ਜਾਂ ਉੱਚ ਅਧਿਕਾਰੀ ਨਾਲ ਗੱਲ ਕਰਨ ਲਈ ਕਹੋ।







ਜੇ ਤੁਸੀਂ ਰਿਹਾਅ ਹੋਣ ਤੋਂ ਬਾਅਦ ਸ਼ਿਕਾਇਤ ਕਰਨੀ ਚਾਹੁੰਦੇ ਹੋ, ਤਾਂ ਤੁਸੀਂ ਕਿਸੇ ਵੀ ਥਾਣੇ ਵਿੱਚ ਜਾ ਸਕਦੇ ਹੋ।

ਜੇ ਤੁਹਾਡੀ ਗ੍ਰਿਫਤਾਰੀ ਦੌਰਾਨ ਜਾਂ ਪੁਲਿਸ ਹਿਰਾਸਤ ਵਿੱਚ ਕਿਸੇ ਪੁਲਿਸ ਅਧਿਕਾਰੀ ਦੁਆਰਾ ਤੁਹਾਨੂੰ ਸੱਟ ਜਾਂ ਚੋਟ ਪਹੁੰਚਾਈ ਜਾਂਦੀ ਹੈ ਤਾਂ ਤੁਹਾਨੂੰ ਸਕਾਟਲੈਂਡ ਦੀ ਪੁਲਿਸ ਦੇ ਪ੍ਰੋਫੈਸ਼ਨਲ ਸਟੈਂਡਰਡ ਡਿਪਾਰਟਮੈਂਟ ਨੂੰ ਸ਼ਿਕਾਇਤ ਕਰਨੀ ਚਾਹੀਦੀ ਹੈ।

ਸ਼ਿਕਾਇਤ ਕਰਨ ਲਈ 101 ‘ਤੇ ਕਾਲ ਕਰੋ ਜਾਂ ਆਪਣੇ ਸਥਾਨਕ ਥਾਣੇ ਵਿੱਚ ਜਾਓ।




ਤੁਸੀਂ ਤੁਹਾਡੀ ਤਰਫ਼ੋਂ ਸ਼ਿਕਾਇਤ ਕਰਨ ਲਈ ਕਿਸੇ ਹੋਰ ਵਿਅਕਤੀ ਨੂੰ ਵੀ ਕਹਿ ਸਕਦੇ ਹੋ। ਇਹ ਮਾਤਾ-ਪਿਤਾ, ਦੋਸਤ, ਸਾਥੀ ਜੋ ਉਹ ਕੋਈ ਵੀ ਵਿਅਕਤੀ ਹੋ ਸਕਦਾ ਹੈ ਜਿਸ ‘ਤੇ ਤੁਸੀਂ ਭਰੋਸਾ ਕਰਦੇ ਹੋਵੋ।

ਤੁਹਾਨੂੰ ਉਨ੍ਹਾਂ ਨੂੰ ਆਪਣੀ ਲਿਖਤੀ ਇਜਾਜ਼ਤ ਦੇਣ ਦੀ ਲੋੜ ਹੁੰਦੀ ਹੈ।

**ਪੀਪਲ ਫਸਟ (ਸਕਾਟਲੈਂਡ) ਰਾਹੀਂ SOLD ਨੈਟਵਰਕ ਵਲੋਂ ਬਣਾਇਆ ਗਿਆ**


**77-79 Easter Road,**

**Edinburgh,**

**EH7 5PW**

**0131 478 7707**



ਕੰਪਨੀ ਗਾਰੰਟੀ ਨੰਬਰ 173180 ਅਤੇ ਰਜਿਸਟਰਡ ਸਕਾਟਿਸ਼ ਚੈਰਿਟੀ ਨੰਬਰ SC 026039 ਰਾਹੀਂ ਲਿਮਟਿਡ ਹੈ


People First (Scotland)

made with photosymbols®

POLICE SCOTLAND
Keeping people safe
POILEAS ALBA